ਨੰਬਰ 1999-2000 ਮਿਤੀ 22/04/2021

SUPDT/SA
STENO/SA2
DAO/SA
HDM
DFC/IEC
ਕਾ. ਮਿ. 23/04

ਸੇਵਾ ਵਿਖੇ

ਕਾਰਜਕਾਰੀ ਇੰਜੀਨੀਅਰ,
ਜਲ ਸਪਲਾਈ ਅਤੇ ਸੈਨੀਟੇਸਨ ਮੰਡਲ ,
ਰਾਜਪੁਰਾ ।

ਵਿਸ਼ਾ - **ਵਣ ਵਿਭਾਗ ਵੱਲੋਂ ਐਨ.ਓ.ਸੀ ਲੈਣ ਲਈ ਲੇਅ ਆਊਟ ਪਲੈਨ ਅਪਰੂਵਡ ਕਰਵਾਉਣ ਸਬੰਧੀ।**

ਹਵਾਲਾ - ਆਪ ਜੀ ਦੇ ਦਫਤਰ ਦਾ ਪਤਰ ਨੰ 1703 ਮਿਤੀ 22-02-2021

ਉਪਰੋਕਤ ਵਿਸ਼ੇ ਤੇ ਹਵਾਲੇ ਦੇ ਸਬੰਧ ਵਿਚ ਉਪ ਮੰਡਲ ਅਫਸਰ ਅਕਾਸ ਵੱਲੋਂ ਕੀਤੀ ਰਿਪੋਰਟ ਦੇ ਮਦੇਨਜਰ ਕਾਰਜਕਾਰੀ ਇੰਜੀਨਅਰ ਜਲ ਸਪਲਾਈ ਅਤੇ ਸੈਨੀਟੇਸਨ ਮੰਡਲ ਰਾਜਪੁਰਾ ਨੂੰ ਜੋ ਪਾਈਪ ਲਾਈਨਾਂ ਬਨੂੜ ਨਹਿਰ ਦੇ ਨੇੜੇ ਹਨ ਇਨ੍ਹਾਂ ਪਾਈਪ ਲਾਈਨਾਂ ਲੰਘਾਉਣ ਦੀ ਮੰਨਜੂਰੀ ਹੇਠ ਲਿਖਿਆ ਸ਼ਰਤਾ ਦੇ ਆਧਾਰ ਤੇ ਦਿੱਤੀ ਜਾਂਦੀ ਹੈ।

1. ਪਾਈਪ ਲਾਈਨ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸਬੰਧਿਤ ਉਪ ਮੰਡਲ ਅਫਸਰ/ਏ.ਈ/ਜੇ.ਈ ਤੋਂ ਬਨੂੜ ਨਹਿਰ ਦੇ ਲੈਵਲ ਪ੍ਰਾਪਤ ਕਰ ਲਏ ਜਾਣ।
2. ਪਾਈਪ ਲਾਈਨ ਬਣਾਉਣ ਵੇਲੇ ਬਨੂੜ ਨਹਿਰ ਦੇ ਸੱਜੇ ਪਾਸੇ ਦੀ ਪਟੜੀ ਦਾ ਡਿਜਾਈਨ ਅਤੇ ਲੈਵਲਾਂ ਵਿਚ ਕੋਈ ਰਦੋਬਦਲ ਨਾ ਕੀਤਾ ਜਾਵੇ।
3. ਇਸ ਕੰਮ ਤੇ ਆਉਣ ਵਾਲਾ ਸਾਰਾ ਖਰਚਾ ਆਪ ਦੇ ਵਿਭਾਗ ਵੱਲੋਂ ਕਰਨਾ ਹੋਵੇਗਾ।
4. ਇਸ ਕੰਮ ਦੌਰਾਨ ਜੇਕਰ ਕੋਈ ਅਣਸੁਖਾਵੀ ਘਟਨਾ ਵਾਪਰਦੀ ਹੈ ਜਾਂ ਕਿਸੇ ਤੀਜੀ ਧਿਰ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਨਿਰੋਲ ਜਿੰਮੇਵਾਰੀ ਆਪ ਦੇ ਵਿਭਾਗ ਦੀ ਹੋਵੇਗੀ।
5. ਇਹ ਕੰਮ ਜਲ ਸਰੋਤ ਵਿਭਾਗ ਦੇ ਸਬੰਧਿਤ ਉਪ ਮੰਡਲ ਅਫਸਰ/ਏ.ਈ/ਜੇ.ਈ ਦੀ ਨਿਗਰਾਨੀ ਹੇਠ ਹੀ ਕਰਵਾਇਆ ਜਾਵੇ।
6. ਇਸ ਕੰਮ ਦੌਰਾਨ ਜੇਕਰ ਬਨੂੜ ਨਹਿਰ ਦੀ ਕੋਈ ਟੁੱਟ-ਭੱਜ ਹੁੰਦੀ ਹੈ ਤਾਂ ਉਸਦੀ ਰਿਪੇਅਰ ਕਰਨ ਦੀ ਅਤੇ ਇਸ ਕੰਮ ਦੌਰਾਨ ਜੋ ਮਲਬਾ ਆਦਿ ਮਾਈਨਰ ਦੇ ਅੰਦਰ ਡਿਗਦਾ ਹੈ ਤਾਂ ਉਸ ਦੀ ਸਫਾਈ ਕਰਨ ਦੀ ਨਿਰੋਲ ਜਿੰਮੇਵਾਰੀ ਆਪ ਦੇ ਵਿਭਾਗ ਦੀ ਹੋਵੇਗੀ।
7. ਇਸ ਕੰਮ ਸਬੰਧੀ ਜੇਕਰ ਕਿਸੇ ਹੋਰ ਮਹਿਕਮੇ ਤੋਂ ਕਿਸੇ ਕਿਸਮ ਦੇ ਇਤਰਾਜਹੀਣਤਾ ਸਰਟੀਫਿਕੇਟ ਦੀ ਲੋੜ ਪੈਂਦੀ ਹੈ ਤਾਂ ਉਸਨੂੰ ਪ੍ਰਾਪਤ ਕਰਨ ਦੀ ਨਿਰੋਲ ਜਿੰਮੇਵਾਰੀ ਆਪ ਦੇ ਮਹਿਕਮੇ ਦੀ ਹੋਵੇਗੀ।
8. ਪਾਈਪ ਲਾਈਨ ਦੀ ਉਸਾਰੀ ਲਈ ਜੇਕਰ ਹੋਰ ਵਾਧੂ ਜਮੀਨ ਦੀ ਜਰੂਰਤ ਪੈਂਦੀ ਹੈ ਤਾਂ ਉਸ ਦਾ ਪ੍ਰਬੰਧ ਆਪ ਦੇ ਮਹਿਕਮੇ ਨੂੰ ਖੁਦ ਆਪਣੇ ਪੱਧਰ ਤੇ ਕਰਨਾ ਹੋਵੇਗਾ।
9. ਇਸ ਕੰਮ ਲਈ ਕੋਈ ਸਪੈਸ਼ਲ ਬੰਦੀ ਨਹੀਂ ਦਿੱਤੀ ਜਾਵੇਗੀ।

ਇਹ ਆਪ ਜੀ ਨੂੰ ਅਗਲੇਰੀ ਕਾਰਵਾਈ ਹਿੱਤ ਹੈ ।

ਕਾਰਜਕਾਰੀ ਇੰਜੀਨੀਅਰ
ਦੇਵੀਗੜ ਮੰਡਲ ਆਈ ਬੀ
ਪਟਿਆਲਾ

ਸੀ ਸੀ -

ਉਪ ਮੰਡਲ ਅਫਸਰ ਅਕਾਸ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਦਰਸਾਈਆ ਗਈਆ ਸ਼ਰਤਾ ਦੀ ਇਨ ਬਿਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।